G. 275

ਸਮਰਪਣ

ਮੈਂ ਇਹ "ਸ਼ਹੀਦੀ ਨਜ਼ਾਰੇ" ਪੁਸਤਕ ਭਾਈ ਹੀਰਾ ਸਿੰਘ ਜੀ ਰਾਗੀ ਦੀ ਯਾਦ ਵਿੱਚ ਸਾਧ ਸੰਗਤ ਦੀ ਸੇਵਾ ਵਿਚ ਸਮਰਪਣ ਕਰਦਾ ਹਾਂ ਕਿਉਂ ਜੋ ਉਨ੍ਹਾਂ ਦੇ ਦਿਲ ਖਿਚਵੇਂ ਵਿਆਖਿਆਨ ਨੂੰ ਸੁਣ ਕੇ ਮੈਨੂੰ ਇਸ ਪੁਸਤਕ ਦੇ ਲਿਖਣ ਦਾ ਉਤਸ਼ਾਹ ਪੈਦਾ ਹੋਇਆ ।

ਦਾਸ–

ਹਰਨਾਮ ਸਿੰਘ ਬੀ. ਏ.

ਪ੨੨ ਸ
29668

ਭੂਮਿਕਾ

ਪਾਠਕ ਜੀ ! ੧੯੨੪ ਵਿੱਚ ਅਕਾਲੀ ਲਹਿਰ ਦਾ ਜ਼ੋਰ ਸੀ ਤੇ ਗੁਰੂ ਦੇ ਬਾਗ਼ ਵਿਚ ਰੋਜ਼ ਸ਼ਾਮ ਨੂੰ ਦੀਵਾਨ ਲਗਦੇ ਸਨ। ਛੋਟਿਆਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੇ ਦਿਨ ਸ਼ਾਮ ਨੂੰ ਦੀਵਾਨ ਸਜਿਆ ਹੋਇਆ ਸੀ। ਭਾਈ ਹੀਰਾ ਸਿੰਘ ਜੀ ਰਾਗੀ (ਉਨ੍ਹਾਂ ਦਾ ਸੁਰਗਾਂ ਵਿੱਚ ਵਾਸਾ ਹੋਵੇ ਤੇ ਪ੍ਰਮਾਤਮਾ ਇਕ ਹੋਰ ਹੀਰਾ ਪੈਦਾ ਕਰੇ) ਬੱਬਰ ਅਕਾਲੀਆਂ ਵਾਂਗ ਅੱਗੇ ਵਧ ਵਧਕੇ ਹਿੱਸਾ ਨਹੀਂ ਸਨ ਲੈਂਦੇ; ਭਾਵੇਂ ਦਿਲੋਂ ਪੂਰੀ ਹਮਦਰਦੀ ਰਖਦੇ ਸਨ। ਇਸ ਲਈ ਇਸ ਦੀਵਾਨ ਵਿਚ ਉਨ੍ਹਾਂ ਸਜਣਾਂ ਨੂੰ ਬੋਲਣ ਲਈ ਕਾਫੀ ਸਮਾਂ ਮਿਲਿਆ, ਜੋਹੜੇ ਭੜਕੀਲੇ ਅੱਖਰਾਂ ਨਾਲ ਗੱਜਦੇ ਸਨ। ਭਾਈ ਹੀਰਾ ਸਿੰਘ ਜੀ ਨੂੰ ਕੇਵਲ ਪੰਦਰਾਂ ਵੀਹ ਮਿੰਟ ਦਿੱਤੇ ਗਏ ਅਤੇ ਇਨ੍ਹਾਂ ਨੇ ਵੀ ਸ਼ਹੀਦੀ ਸ਼ੁਰੂ ਕੀਤੀ।

ਪ੍ਰਮਾਤਮਾ ਜਾਣਦਾ ਹੈ; ਕਿਥੋਂ ਇਹ ਅੱਖਰ ਚੁਣਦੇ ਸਨ, ਤੇ ਕਿਹੜੀ ਮਿਠਾਸ ਇਨ੍ਹਾਂ ਦੀ ਜ਼ਬਾਨ ਵਿਚ ਸੀ ਕਿ ਪੰਦਰਾਂ ਮਿੰਟਾਂ ਦੇ ਤਿੰਨ ਘੰਟੇ ਗੁਜ਼ਰ ਗਏ, ਪਰ ਕਿਸੇ ਨੇ ਗੋਡਾ ਨ ਬਦਲਿਆ। ਤੇ ਉਹ ਕੇਹੜਾ ਆਦਮੀ ਹੋਵੇਗਾ, ਜਿਸਦੀਆਂ ਅੱਖਾਂ ਚਾਰ ਚਾਰ ਹੰਝੂ ਨਹੀਂ ਸੀ ਕੇਰਦੀਆਂ ? ਇਉਂ ਭਾਸਦਾ ਸੀ, ਮਾਨੋ ਅੱਖਾਂ ਦੇ ਸਾਹਮਣੇ ਸ਼ਹੀਦੀ ਹੋ ਰਹੀ ਹੈ। ਉਨ੍ਹਾਂ ਦੇ ਇਸ ਵਿਖਿਆਨ ਦਾ ਮੇਰੇ ਦਿਲ ਤੇ ਏਨਾ ਅਸਰ ਹੋਇਆ, ਕਿ ਮੈਂ ਉਸ ਦਿਨ ਤੋਂ ਦਿਲ ਵਿਚ ਨਿਸਚਾ ਕਰ ਲਿਆ ਕਿ ਮੈਂ ਇਹੋ ਕਿਤਾਬੀ ਸ਼ਕਲ ਵਿਚ ਲਿਖਾਂਗਾ।

(੧) ਕਈ ਵਾਰ ਕੋਸ਼ਿਸ਼ ਕੀਤੀ, ਪਰ ਉਹ ਰਸ ਇਨ੍ਹਾਂ ਅੱਖਰਾਂ ਵਿਚ ਨਹੀਂ ਸੀ ਆ ਸਕਦਾ। ਜੋਹੜਾ ਕੁਝ ਉਨ੍ਹਾਂ ਦਾ ਨਜ਼ਾਰਾ

ਯਾਦ ਰਿਹਾ ਹੈ,ਇਸ ਕਿਤਾਬ ਵਿਚ ਲਿਖਣ ਦੀ ਕੋਸ਼ਿਸ਼ ਕੀਤੀ ਹੈ।

(੨) ਭਾਵੇਂ ਅੱਜ ਕੱਲ ਥੀਏਟਰਾਂ ਤੇ ਸਿਨੇਮਾਂ ਦਾ ਸ਼ੌਂਕ ਹੋ ਰਿਹਾ ਹੈ ਤੇ ਕਈ ਪ੍ਰਕਾਰ ਦੇ ਡਰਾਮੇ ਦਿਖਾਏ ਜਾਂਦੇ ਹਨ, ਪਰ ਮੈਂ ਨਹੀਂ ਚਾਹੁੰਦਾ ਕਿ ਇਸ ਨਜ਼ਾਰੇ ਨੂੰ ਡਰਾਮੇ ਦੀ ਸ਼ਕਲ ਦੇ ਕੇ ਸਟੇਜ ਤੇ ਕਰ ਕੇ ਵਿਖਾਇਆ ਜਾਵੇ।

(੩) ਜਿੱਥੋਂ ਤੀਕਣ ਹੋ ਸੱਕਿਆ ਹੈ ਮੈਂ ਤਾਰੀਖੀ ਵਾਕਿਆਤ ਨੂੰ ਦਰਜ ਕਰਨ ਦੀ ਕੋਸ਼ਿਸ਼ ਕੀਤੀ ਹੈ । ਕਈ ਥਾਵਾਂ ਤੇ ਵੱਖੋ ਵੱਖਰੇ ਇਤਿਹਾਸਾਂ ਵਿਚ ਵੱਖਰੇ ਵੱਖਰੇ ਹਾਲ ਹਨ। ਇਸ ਲਈ ਉਸ ਥਾਂ ਤੇ ਮੈਨੂੰ ਜੇਹੜੀ ਚਾਲ ਯੋਗ ਜਾਪ ਹੈ, ਉਹ ਲਿਖੀ ਹੈ। ਕਈ ਨਜ਼ਾਰੇ ਅਜੇਹੇ ਲਿਖੇ ਗਏ ਹਨ, ਜੇਹੜੇ ਇਤਿਹਾਸਾਂ ਵਿਚ ਖੋਲ੍ਹ ਕੇ ਨਹੀਂ ਲਿਖੇ ਗਏ।

(੪)ਅੱਜ ਕੱਲ ਪੰਜਾਬੀ ਬੋਲੀ ਵਿਚ ਬਹੁਤ ਤਬਦੀਲੀ ਹੁੰਦੀ ਜਾਂਦੀ ਹੈ। ਅਜ ਤੋਂ ਪੰਜਾਹ ਵਰ੍ਹੇ ਪਹਿਲਾਂ ਲਿਖੀਆਂ ਪੁਸਤਕਾਂ ਦੀ ਪੰਜਾਬੀ ਦੀ ਅੱਜ ਕੱਲ ਠੀਕ ਸਮਝ ਨਹੀਂ ਆਉਂਦੀ। ਇਸ ਲਈ ਮੈਂ ਕੋਸ਼ਸ਼ ਕੀਤੀ ਹੈ ਕਿ ਅਜ ਕਲ ਦੀ ਪੰਜਾਬੀ ਲਿਖਾਂ।

(੫) ਕੋਈ ਥੀਏਟ੍ਰੀਕਲ ਕੰਪਨੀ ਯਾ ਕਲੱਬ ਇਸ ਨਜ਼ਾਰੇ ਨੂੰ ਡਰਾਮੇ ਦੀ ਸ਼ਕਲ ਦੇ ਕੇ ਸਟੇਜ ਤੇ ਐਕਟ ਕਰਨ ਦੀ ਕੋਸ਼ਿਸ਼ ਨ ਕਰੇ। ਮੈਂ ਉਨ੍ਹਾਂ ਸੱਜਣਾਂ ਦਾ ਧਨਵਾਦੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਨੂੰ ਛਪਵਾਣ ਤੋਂ ਪਹਿਲਾਂ ਪੜ੍ਹਿਆ ਤੇ ਆਪਣੀ ਕੀਮਤੀ ਸਲਾਹ ਦਿੱਤੀ । ਜੇ ਕੋਈ ਸਜਣ ਇਸ ਪੁਸਤਕ ਬਾਬਤ ਚੰਗੀ ਸਲਾਹ ਦੇਵੇਗਾ ਤਾਂ ਉਹ ਸਲਾਹ ਸਿਰ ਮੱਥੇ ਕਬੂਲ ਕੀਤੀ ਜਾਵੇਗੀ।

ਸਰਗੋਧਾ ੩–੨–੨੬ ਹਰਨਾਮ ਸਿੰਘ ਬੀ.ਏ.

ਭਾਗ ਪਹਿਲਾ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.